## ਸੰਪਾਦਕ ਵਲੋਂ

ਜੈਨ ਸਾਧਵੀ ਪਰੰਪਰਾ ਤੀਰਥੰਕਰ ਕਾਲ ਤੋਂ ਹੀ ਚਲੀ ਆ ਰਹੀ ਹੈ। ਹਰ ਤੀਰਥੰਕਰ ਸਾਧੂ, ਸਾਧਵੀ, ਸ਼੍ਰਾਵਕ ਤੇ ਸ਼੍ਰਾਵਿਕਾ ਰੂਪੀ ਚਹੁਮੁਖੀ ਤੀਰਥ ਦੇ ਨਿਰਮਾਨ ਸਦਕਾ ਹੀ ਤੀਰਥੰਕਰ ਅਖਵਾਉਂਦਾ ਹੈ। ਜੈਨ ਸਾਧਵੀ-ਇਤਿਹਾਸ ਬਚਿੱਤਰ ਤੇ ਪ੍ਰੇਰਣਾ ਭਰਿਆ ਹੈ। ਜੈਨ ਸਾਧਵੀਆਂ ਸ਼ੁਰੂ ਤੋਂ ਹੀ ਧਾਰਮਿਕ ਤੇ ਸਮਾਜਿਕ ਬਰਾਬਰੀ ਸਦਕਾ ਸਮਾਜ ਦਾ ਮਹਤੱਵ ਪੂਰਨ ਅੰਗ ਰਹੀਆਂ ਹਨ।

ਪਹਿਲੇ ਤੀਰਥੰਕਰ ਰਿਸ਼ਭਦੇਵ ਜੀ ਨੇ ਇਸਤਰੀਆਂ ਨੂੰ 64 ਕਲਾਵਾਂ ਪ੍ਰਦਾਨ ਕਰਕੇ ਸਵੈ-ਨਿਰਭਰ ਰਹਿਣ ਦਾ ਉਪਦੇਸ਼ ਦਿੱਤਾ। ਧਾਰਮਿਕ ਜਗਤ ਵਿਚ ਬ੍ਰਹਮੀ, ਸੁੰਦਰੀ ਰਾਜਮਤੀ ਸਾਧਵੀ ਦੇ ਉਦਾਰਹਣ ਬਹੁਤ ਹੀ ਮਹੱਤਵ ਪੂਰਣ ਹਨ। ਜਿਨ੍ਹਾਂ ਨੇ ਆਪਣੀ ਪ੍ਰੇਰਣਾ ਸਦਕਾ ਭਟਕੇ ਪੁਰਸ਼ਾਂ ਨੂੰ ਸਦਮਾਰਗ ਪ੍ਰਦਾਨ ਕੀਤਾ।

ਭਗਵਾਨ ਮਹਾਵੀਰ ਦੇ ਸਮੇਂ ਇਸਤਰੀਆਂ, ਅਛੂਤਾਂ ਤੇ ਗੁਲਾਮਾਂ ਦੀ ਹਾਲਤ ਬਹੁਤ ਭੈੜੀ ਹੋ ਗਈ ਸੀ। ਉਨ੍ਹਾਂ ਆਪਣੇ ਅਹਿੰਸਾ ਤੇ ਸੱਚੇ ਮਾਰਗ ਨਾਲ ਇਸ ਪ੍ਰਥਾ ਨੂੰ ਭਾਰਤ ਦੇ ਨਕਸ਼ੇ ਤੋਂ ਮਿਟਾ ਦਿਤਾ। ਉਨ੍ਹਾਂ ਆਪਣੀ ਸਾਧਵੀ ਪਰੰਪਰਾ ਦੀ ਮੁਖੀ ਇਕ ਦਾਸੀ ਚੰਦਨਾ ਨੂੰ ਸਾਧਵੀ ਬਣਾ ਕੇ ਦਾਸ ਪ੍ਰਥਾ ਦਾ ਖਾਤਮਾ ਹੀ ਨਹੀਂ ਕੀਤਾ ਸਗੋਂ ਆਪਣੇ ਧਰਮ ਸੰਘ ਵਿਚ ਪੂਜਨੀਕ ਸਥਾਨ ਪ੍ਰਦਾਨ ਕੀਤਾ।